# ਮਹੱਤਵਪੂਰਨ : ਕਿਰਪਾ ਕਰਕੇ ਪੜ੍ਹੋ

Pr **ਨੈਕਸੀਅਮ (NEXIUM®)**
ਈਸੋਮੈਪਰਾਜ਼ੋਲ (esomeprazole)

## ਭਾਗ III:
## ਉਪਭੋਗਤਾ ਲਈ ਜਾਣਕਾਰੀ

**ਇਹ ਲੀਫਲੈੱਟ (ਪਰਚਾ) ਤਿੰਨ ਭਾਗਾਂ ਵਿੱਚ ਛਪੇ ਉਤਪਾਦ "ਮੋਨੋਗਰਾਫ (Product Monograph)" ਦਾ ਤੀਸਰਾ ਭਾਗ ਹੈ ਜਦੋਂ ਨੈਕਸੀਅਮ (NEXIUM®) ਨੂੰ ਕੈਨੇਡਾ ਵਿੱਚ ਵਿਕਰੀ ਲਈ ਮਾਨਤਾ ਪ੍ਰਾਪਤ ਹੋਣ ਸਮੇਂ ਛਾਪਿਆ ਗਿਆ ਸੀ ਅਤੇ ਖਾਸ ਕਰਕੇ ਉਪਭੋਗਤਾਵਾਂ ਵਾਸਤੇ ਰੂਪਅੰਕਤ ਕੀਤਾ ਗਿਆ ਹੈ। ਇਹ ਪੈਂਫਲੇਟ ਸਾਰ ਹੈ ਅਤੇ ਨੈਕਸੀਅਮ (NEXIUM®) ਬਾਰੇ ਤੁਹਾਨੂੰ ਸਾਰਾ ਕੁਝ ਨਹੀਂ ਦੱਸੇਗਾ। ਜੇ ਇਸ ਦਵਾਈ ਬਾਰੇ ਤੁਹਾਡੇ ਕੋਈ ਸਵਾਲ ਹਨ ਤਾਂ ਤੁਸੀਂ ਆਪਣੇ ਡਾਕਟਰ ਜਾਂ ਫਾਰਮੇਸਿਸਟ ਨਾਲ ਸੰਪਰਕ ਕਰੋ।**

## ਨੈਕਸੀਅਮ (NEXIUM) ਬਾਰੇ

**ਦਵਾਈ ਦੀ ਵਰਤੋਂ ਕਿਸ ਵਾਸਤੇ ਕੀਤੀ ਜਾਂਦੀ ਹੈ:**
ਸਿਆਣਿਆਂ ਵਿੱਚ ਨੈਕਸੀਅਮ (NEXIUM) ਦੀ ਵਰਤੋਂ ਪੇਟ ਵਿੱਚ ਤੇਜ਼ਾਬ/ਐਸਿਡ-ਸੰਬੰਧਿਤ ਬਿਮਾਰੀਆਂ ਦੇ ਇਲਾਜ ਵਾਸਤੇ ਕੀਤੀ ਜਾਂਦੀ ਹੈ ਜਿਵੇਂ ਕਿ :

- ਰੀਫਲਕਸ ਈਸੋਫੇਗਾਈਟਿਸ (reflux esophagitis) (ਪੇਟ ਦੀ ਸਮੱਗਰੀ ਦਾ ਖਾਣੇ ਦੀ ਨਲੀ ਰਾਹੀਂ ਮੁੜ ਕੇ ਵਾਪਸ ਆ ਜਾਣ ਕਰਕੇ ਟਿਸ਼ੂ ਨੂੰ ਹੋਇਆ ਨੁਕਸਾਨ) ਅਤੇ ਰੀਫਲਕਸ ਈਸੋਫੇਗਾਈਟਿਸ ਦੇ ਮਰੀਜ਼ਾਂ ਵਿੱਚ ਗੈਸਟਰੋਈਸੋਫੇਗੀਅਲ ਰੀਫਲਕਸ ਡਿਜ਼ੀਜ਼/ਬੀਮਾਰੀ (gastroesophageal reflux disease) (ਜੀਈਆਰਡੀ (GERD)) ਦੇ ਲੱਛਣ
- *ਹੈਲੀਕੋਬੈਕਟਰ ਪਾਇਲੋਰੀ* (*Helicobacter pylori*) ਨਾਂ ਦੇ ਜੀਵਾਣੂ ਦੁਆਰਾ ਹੋਣ ਵਾਲੇ ਵਿਗਾੜ ਅਤੇ ਦੂਸਰੀਆਂ ਦਵਾਈਆਂ (ਐਂਟੀਬਾਔਟਿਕ) ਨਾਲ ਉਤਪੰਨ ਡੂਓਡੇਨਲ ਅਲਸਰਾਂ ਅਤੇ ਇੰਨ੍ਹਾਂ ਅਲਸਰਾਂ ਦੇ ਫੇਰ ਤੋਂ ਹੋਣ ਦੇ ਖਤਰੇ ਨੂੰ ਰੋਕਣ ਵਿੱਚ ਮਦਦ ਕਰਨ ਲਈ
- ਨੋਨਇਰੋਸੀਵ ਰੀਫਲਕਸ ਡਿਜ਼ੀਜ਼ (nonerosive reflux disease) (ਐਨਈਆਰਡੀ (NERD)) ਦੇ ਲੱਛਣ ਜਿਨ੍ਹਾਂ ਦਾ ਸਬੰਧ ਖਾਣੇ ਦੀ ਨਲੀ ਦੇ ਤੰਤੂ ਦੇ ਨੁਕਸਾਨ ਨਾਲ ਨਹੀਂ ਹੁੰਦਾ ਜਿਵੇਂ ਕਿ: ਛਾਤੀ ਵਲੋਂ ਗਲੇ ਵੱਲ ਉਭਰਨ ਵਾਲਾ ਜਲਨ ਦਾ ਅਹਿਸਾਸ (ਹਾਰਟਬਰਨ (heartburn)) ਅਤੇ ਕੌੜੇ/ਖੱਟੇ ਜੂਸ/ਰਸ ਦਾ ਮੂੰਹ ਵਿੱਚ ਛਲਕ ਪੈਣਾ (ਰੀਗਰਜੀਟੇਸ਼ਨ (regurgitation))
- ਵਿਰਲੇ ਹੋਣ ਵਾਲੀ ਰੋਗਾਤਮਕ ਹਾਲਤਾਂ ਜਿਵੇਂ ਕਿ "ਜ਼ੋਲੀਂਗਰ-ਐਲੀਸਨ ਸਿਨਡਰੋਮ" (Zollinger-Ellison syndrome) ਜਿਸਦੇ ਕਾਰਨ ਪੇਟ ਵਿੱਚ ਵਧੇਰੀ ਮਾਤਰਾ ਵਿੱਚ ਐਸਿਡ ਬਣਦੀ ਹੈ।

ਨੈਕਸੀਅਮ (NEXIUM) ਅਲਸਰ ਦੇ ਇਲਾਜ ਜਾਂ/ਅਤੇ ਅਲਸਰ ਹੋਣ ਦੇ ਖਤਰੇ ਘੱਟ ਕਰਨ ਵਿੱਚ ਵੀ ਇਸਤੇਮਾਲ ਕੀਤੀ ਜਾਂਦੀ ਹੈ। ਇਹ ਅਲਸਰ ਤੁਹਾਡੀ ਦਰਦ ਜਾਂ ਜੋੜਾਂ ਦੀ ਸਮੱਸਿਆਵਾਂ ਦੇ ਇਲਾਜ ਵਾਲੀ ਦਵਾਈਆਂ ਜਿਵੇਂ ਕਿ ਗੈਰ ਸਟੀਰੋਇਡ ਵਾਲੀ ਸੋਜਸ਼ ਨੂੰ ਰੋਕਣ ਵਾਲੀ ਦਵਾਈਆਂ ਜਾਂ ਐਸੀਟਾਈਲਸੈਲੀਸੀਲਿਕ ਐਸਿਡ (ਯਾਨਿ ਐਸਪਰਿਨ) (NSAIDs (Non-Steroidal Anti-Inflammatory Drugs) or acetylsalicylic acid (i.e. Aspirin®)) ਲੈਣ ਕਰਕੇ ਹੋ ਸਕਦੇ ਹਨ।

ਬੱਚਿਆਂ ਵਿੱਚ (1-17 ਸਾਲ ਦੀ ਉਮਰ) ਨੈਕਸੀਅਮ (NEXIUM) ਦੀ ਵਰਤੋਂ ਪੇਟ ਵਿੱਚ ਤੇਜ਼ਾਬ/ਐਸਿਡ-ਸੰਬੰਧਿਤ ਬਿਮਾਰੀਆਂ ਦੇ ਇਲਾਜ ਵਾਸਤੇ ਕੀਤੀ ਜਾਂਦੀ ਹੈ ਜਿਵੇਂ ਕਿ:

- ਰੀਫਲਕਸ ਈਸੋਫੇਗਾਈਟਿਸ (reflux esophagitis) (ਪੇਟ ਦੀ ਸਮੱਗਰੀ ਦਾ ਖਾਣੇ ਦੀ ਨਲੀ ਰਾਹੀਂ ਮੁੜ ਕੇ ਵਾਪਸ ਆ ਜਾਣ ਕਰਕੇ ਟਿਸ਼ੂ ਨੂੰ ਹੋਇਆ ਨੁਕਸਾਨ) ਅਤੇ ਰੀਫਲਕਸ ਈਸੋਫੇਗਾਈਟਿਸ ਦੇ ਮਰੀਜ਼ਾਂ ਵਿੱਚ ਗੈਸਟਰੋਈਸੋਫੇਗੀਅਲ ਰੀਫਲਕਸ ਡਿਜ਼ੀਜ਼/ਬੀਮਾਰੀ (gastroesophageal reflux disease) (ਜੀਈਆਰਡੀ (GERD)) ਦੇ ਲੱਛਣ
- ਨੋਨਇਰੋਸੀਵ ਰੀਫਲਕਸ ਡਿਜ਼ੀਜ਼ (nonerosive reflux disease) (ਐਨਈਆਰਡੀ (NERD)) ਦੇ ਲੱਛਣ ਜਿਨ੍ਹਾਂ ਦਾ ਸਬੰਧ ਖਾਣੇ ਦੀ ਨਲੀ ਦੇ ਤੰਤੂ ਦੇ ਨੁਕਸਾਨ ਨਾਲ ਨਹੀਂ ਹੁੰਦਾ ਜਿਵੇਂ ਕਿ: ਛਾਤੀ ਵਲੋਂ ਗਲੇ ਵੱਲ ਉਭਰਨ ਵਾਲਾ ਜਲਨ ਦਾ ਅਹਿਸਾਸ (ਹਾਰਟਬਰਨ (heartburn)) ਅਤੇ ਕੌੜੇ/ਖੱਟੇ ਜੂਸ/ਰਸ ਦਾ ਮੂੰਹ ਵਿੱਚ ਛਲਕ ਪੈਣਾ (ਰੀਗਰਜੀਟੇਸ਼ਨ (regurgitation))।

**ਇਹ ਕੀ ਕਰਦੀ ਹੈ:**
ਨੈਕਸੀਅਮ (NEXIUM) ਤੁਹਾਡੇ ਪੇਟ ਵਿੱਚ ਘੱਟ ਤੇਜ਼ਾਬ ਬਣਨ ਵਿੱਚ ਮਦਦ ਕਰਦੀ ਹੈ।

**ਇਸ ਦੀ ਵਰਤੋਂ ਕਿਸ ਵੇਲੇ ਨਹੀਂ ਕੀਤੀ ਜਾਣੀ ਚਾਹੀਦੀ:**
ਜੇ ਤੁਸੀਂ ਨੈਕਸੀਅਮ (NEXIUM) ਦੀ ਕਿਰਿਆਸ਼ੀਲ ਅੰਸ਼/ਸਮੱਗਰੀ ਈਸੋਮੈਪਰਾਜ਼ੋਲ (esomeprazole) ਜਾਂ ਇਸ ਵਿਕਲੀ ਕਿਸੇ ਹੋਰ ਸਮੱਗਰੀ ਪ੍ਰਤੀ ਅਤੀ ਸੰਵੇਦਨਸ਼ੀਲ/ਐਲਰਜਿਕ ਹੋ (ਖਾਸ ਗੈਰਦਵਾਈਆਂ ਵਾਲੇ ਅੰਸ਼ ਵੇਖੋ)। ਜੇ ਤੁਸੀਂ ਸੋਚਦੇ ਹੋ ਕਿ ਤੁਸੀਂ ਐਲਰਜਿਕ ਹੋ ਸਕਦੇ ਹੋ ਤਾਂ ਆਪਣੇ ਡਾਕਟਰ ਕੋਲੋਂ ਸਲਾਹ ਲਓ।

**ਚਿਕਿਤਸਕੀ ਅੱਸ਼/ਸਮਗਰੀ ਕੀ ਹੈ:**
ਨੈਕਸੀਅਮ (NEXIUM) ਦੀ ਹਰ ਗੋਲੀ ਵਿੱਚ ਈਸੋਮੈਪਰਾਜ਼ੋਲ ਮੈਗਨੀਸ਼ੀਅਮ ਟਰਾਈਹਾਈਡਰੇਟ (esomeprazole magnesium trihydrate) ਕਿਰਿਆਸ਼ੀਲ ਅੰਸ਼/ਸਮੱਗਰੀ ਦੀ ਤਰ੍ਹਾਂ ਸ਼ਾਮਲ ਹੈ।

**ਮਹੱਵਪੂਰਨ ਗੈਰ-ਵੈਦਕ ਅੰਸ਼/ਸਮੱਗਰੀਆਂ ਕਿਹੜੀਆਂ ਹਨ:**
ਨੈਕਸੀਅਮ (NEXIUM) ਵਿੱਚ ਹੇਠਾਂ ਦਿੱਤੀਆਂ ਗਈਆਂ ਗੈਰ-ਵੈਦਕ ਸਮੱਗਰੀਆਂ ਹਨ (ਵਰਨਕ੍ਰਮ ਅਨੁਸਾਰ ਸੂਚੀਬੱਧ ਕੀਤੇ ਗਏ): ਸੈਲਿਯੋਲੋਜ਼ ਮਾਈਕਰੋਕਰਿਸਟੇਲਾਇਨ (cellulose microcrystalline), ਕਰੋਸਪੋਵੀਡੋਨ, (crospovidone), ਗਲਿਸਰਾਇਲ ਮੋਨੋਸਟੀਏਰੇਟ (glyceryl monostearate), ਹਾਈਡਰੋਕਸੀਪਰੋਪਾਇਲ ਸੈਲਿਯੋਲੋਜ਼ (hydroxypropyl cellulose), ਹਾਈਪਰੋਮੇਲੋਜ਼ (hypromellose), ਆਇਰਨ ਔਕਸਾਇਡ (iron oxide), ਮੈਗਨੀਜ਼ੀਅਮ ਸਟੀਏਰੇਟ (magnesium stearate), ਮੈਥਾਕਰਿਲਿਕ ਐਸਿਡ ਇਥਾਇਲਐਕਰੀਲੇਟ ਕੋਪੋਲੀਮਰ (methacrylic acid ethylacrylate copolymer), ਪੋਲੀਈਥਾਇਲੀਨ ਗਲਾਈਕੋਲ (polyethylene glycol), ਪੋਲੀਸੋਰਬੇਟ (polysorbate), ਸਿਨਥੈਟਿਕ ਪੈਰਾਫਿੰਨ (synthetic paraffin), ਸੋਡਿਅਮ ਸਟੀਰਿਲ ਫਯੂਮਰੇਟ (sodium stearyl fumarate), ਸੂਗਰ ਸਫੀਅਰਜ਼ (sugar spheres), ਟੈਲਕ (talc), ਟਾਈਟੇਨੀਅਮ ਡਾਈਔਕਸਾਇਡ (titanium dioxide), ਟਰਾਈਈਥਾਈਲ ਸਾਈਟਰੇਟ (triethyl citrate) ।

ਨੈਕਸੀਅਮ (NEXIUM) ਦੀਆਂ ਗੋਲੀਆਂ ਵਿੱਚ ਹੇਠਾਂ ਦਿੱਤੀਆਂ ਗਈਆਂ ਗੈਰ-ਵੈਦਕ ਸਮੱਗਰੀਆਂ ਹਨ (ਵਰਨਕ੍ਰਮ ਅਨੁਸਾਰ ਸੂਚੀਬੱਧ ਕੀਤੇ ਗਏ): ਸਿਟਰਿਕ ਐਸਿਡ (Citric acid), ਕਰੋਸਪੋਵੀਡੋਨ (crospovidone), ਡੈਕਸਟਰੋਜ਼ (dextrose), ਗਲਿਸਰੋਲ ਮੋਨੋਸਟੀਏਰੇਟ (glycerol monostearate), ਹਾਈਡਰੋਕਸੀਪਰੋਪਾਇਲ ਸੈਲਿਯੋਲੋਜ਼ (hydroxypropyl cellulose), ਹਾਪਰੋਮੇਲੋਜ਼ (hypromellose), ਆਇਰਨ ਔਕਸਾਇਡ (iron oxide), ਮੈਗਨੀਜ਼ੀਅਮ ਸਟੀਏਰੇਟ (magnesium stearate), ਮੈਥਾਕਰਿਲਿਕ ਐਸਿਡ ਇਥਾਇਲਐਕਰੀਲੇਟ ਕੋਪੋਲੀਮਰ ਟਾਈਪ ਸੀ (methacrylicacid ethylacrylate copolymer type C), ਪੋਲੀਸੋਰਬੇਟ (polysorbate), ਸੂਗਰ ਸਫੀਅਰਜ਼ (sugar spheres), ਟੈਲਕ (talc), ਟਰਾਈਈਥਾਈਲ ਸਾਈਟਰੇਟ (triethyl citrate), ਜ਼ੈਨਥੇਨ ਗਮ (xanthan gum)।

ਜੇ ਤੁਸੀਂ ਸੋਚਦੇ ਹੋ ਕਿ ਤੁਸੀਂ ਉਪੱਰ ਦਿੱਤੀਆਂ ਗਈਆਂ ਸਮੱਗਰੀਆਂ ਵਿੱਚੋਂ ਕਿਸੇ ਪ੍ਰਤੀ ਵੀ ਐਲਰਜਿਕ ਹੋ ਤਾਂ ਆਪਣੇ ਡਾਕਟਰ ਜਾਂ ਫਾਰਮੇਸਿਸਟ ਨਾਲ ਗੱਲ ਕਰੋ।

**ਇਹ ਖ਼ੁਰਾਕ ਦੇ ਕਿੰਨ੍ਹਾਂ ਰੂਪਾਂ ਵਿੱਚ ਆਉਂਦੀ ਹੈ:**
ਨੈਕਸੀਅਮ (NEXIUM) 20 ਮਿਲੀਗਰਾਮ ਬਲਿਸਟਰ ਪੈਕਟਾਂ ਵਿੱਚ ਆਉਂਦੀਆਂ ਹਨ ਜਿੰਨ੍ਹਾਂ ਵਿੱਚ 30 ਗੋਲੀਆਂ ਹੁੰਦੀਆਂ ਹਨ। ਨੈਕਸੀਅਮ (NEXIUM) 40 ਮਿਲੀਗਰਾਮ ਬਲਿਸਟਰ ਪੈਕਟਾਂ ਵਿੱਚ ਆਉਂਦੀਆਂ ਹਨ ਜਿੰਨ੍ਹਾਂ ਵਿੱਚ 30 ਜਾਂ 60 ਗੋਲੀਆਂ ਹੁੰਦੀਆਂ ਹਨ ਜਾਂ 100 ਗੋਲੀਆਂ ਵਾਲੀ ਬੋਤਲਾਂ।

ਨੈਕਸੀਅਮ (NEXIUM) 10 ਮਿਲੀਗਰਾਮ ਗੋਲੀਆਂ ਇੱਕ ਯੂਨਿਟ ਦੇ ਪੈਕ ਵਿੱਚ ਆਉਂਦੀਆਂ ਹਨ ਅਤੇ ਕਾਰਟਨ ਵਿੱਚ 30 ਹੁੰਦੀਆਂ ਹਨ।

## ਚੇਤਾਵਨੀਆਂ ਅਤੇ ਸਾਵਧਾਨੀਆਂ

**ਆਪਣੀ ਨੈਕਸੀਅਮ (NEXIUM) ਦੀ ਵਰਤੋਂ ਤੋਂ ਪਹਿਲਾਂ ਜਾਂ ਉਸਦੇ ਦੌਰਾਨ ਆਪਣੇ ਡਾਕਟਰ ਜਾਂ ਫਾਰਮੇਸਿਸਟ ਨਾਲ ਇਨ੍ਹਾਂ ਬਾਰੇ ਗੱਲ ਕਰੋ:**

- ਲੱਛਣ ਜੋ ਕਿ ਤੁਹਾਡੇ ਪੇਟ ਜਾਂ ਅੰਤੜੀ (intestine) ਵਿੱਚ ਹੋਰ ਜਿਆਦਾ ਗੰਭੀਰ ਸਮੱਸਿਆ ਦਾ ਇਸ਼ਾਰਾ ਹੋ ਸਕਦੇ ਹਨ ਜਿਵੇਂ ਕਿ: ਨਿਗਲਨ ਵਿੱਚ ਪਰੇਸ਼ਾਨੀ, ਭਾਰ ਵਿੱਚ ਬਿਨਾਂ ਸੋਚਿਆ ਹੋਇਆ ਘਾਟਾ, ਖਾਣੇ ਜਾਂ ਖ਼ੂਨ ਦੀ ਉਲਟੀ, ਜਾਂ ਕਾਲਾ (ਖ਼ੂਨ ਵਾਲਾ) ਪਖਾਨਾ
- ਜੇ ਤੁਸੀਂ ਗਰਭਵਤੀ ਹੋ ਜਾਂ ਹੋਣ ਦੀ ਕੋਸ਼ਿਸ਼ ਕਰ ਰਹੇ ਹੋ
- ਜੇ ਤੁਸੀਂ ਈਸੋਮੈਪਰਾਜ਼ੋਲ (esomeprazole) ਜਾਂ ਕਿਸੇ ਹੋਰ ਸਮੱਗਰੀ ਜਾਂ ਡੱਬੀ ਵਿੱਚ ਸਮੱਗਰੀ ਦੇ ਪ੍ਰਤੀ ਐਲਰਜਿਕ ਹੋ
- ਜੇ ਤੁਹਾਨੂੰ ਇਸ ਵੇਲੇ ਸਿਹਤ ਸੰਬੰਧੀ ਸਮੱਸਿਆਵਾਂ ਹਨ ਜਾਂ ਅਤੀਤ ਵਿੱਚ ਰਹੀਆਂ ਹਨ
- ਤੁਹਾਡੇ ਦੁਆਰਾ ਲਈਆਂ ਜਾਣ ਵਾਲੀਆਂ ਹੋਰ ਦਵਾਈਆਂ, ਬਿਨਾਂ ਪਰਚੀ ਦੇ ਖਰੀਦੀਆਂ ਜਾਣ ਵਾਲੀਆਂ ਸਮੇਤ।

## ਨੈਕਸੀਅਮ (NEXIUM) ਦੇ ਨਾਲ ਪਰਸਪਰ ਪਰਭਾਵ

ਕੁਝ ਦਵਾਈਆਂ ਦੇ ਖ਼ੂਨ ਵਿੱਚਲੇ ਪੱਧਰ ਉੱਤੇ ਅਸਰ ਪੈ ਸਕਦਾ ਹੈ, ਜੇ ਨੈਕਸੀਅਮ (NEXIUM), ਉੱਲੀ (fungal) ਦੇ ਵਿਗਾੜ (ਇਟਰਾਕੋਨਾਜ਼ੋਲ, ਕੀਟੋਕੋਨਾਜ਼ੋਲ, ਵੋਰੀਕੋਨਾਜ਼ੋਲ (itraconazole, ketoconazole, voriconazole)), ਜਿਆਦਾ ਚਿੰਤਾ (ਡਾਇਜੀਪੇਮ (diazepam)), ਮਿਰਗੀ (ਫੇਨੀਟੋਇਨ (phenytoin)), ਪੇਟ ਨੂੰ ਖਾਲੀ ਕਰਨ ਨੂੰ ਤੇਜ਼ ਕਰਨ ਲਈ ਦਵਾਈ (ਸੀਸਾਪਰਾਇਡ (cisapride*)), ਲੱਤਾਂ ਵਿੱਚ ਘੱਟਿਆ ਖ਼ੂਨ-ਸੰਚਾਰ (ਸਿਲੋਸਟਾਜ਼ੋਲ*), ਦਿਲ ਦੀਆਂ ਸਮੱਸਿਆਵਾਂ (ਡਿਜੌਕਸਿਨ), ਤਪਦਿਕ ਦਾ ਇਲਾਜ (ਰਿਫੈਮਪਿਨ), ਅਤੇ ਸੇਂਟ ਜੌਨਜ਼ ਵੌਰਟ (ਹਾਇਪੈਰਿਕਮ ਪਰਫ਼ੌਰਮੇਟਮ) ਦੇ ਨਾਲ ਲਈ ਜਾਂਦੀ ਹੈ । ਪਰ, ਇਨ੍ਹਾਂ ਪਰਸਪਰ ਪਰਭਾਵਾਂ ਦਾ ਨੈਕਸੀਅਮ (NEXIUM) ਜਾਂ ਕਿਸੇ ਹੋਰ ਦਵਾਈ ਦੀ ਪ੍ਰਭਾਵਸ਼ੀਲਤਾ ਉੱਤੇ ਅਸਰ ਨਹੀਂ ਪਾਯਾ ਗਿਆ ਹੈ।

ਖ਼ੂਨ ਦੇ ਜੰਮਣ ਨੂੰ ਰੋਕਣ ਵਾਲੀ ਦਵਾਈਆਂ (ਵਾਰਫਾਰਿਨ ਜਾਂ ਕੋਮਾਰਿਨ ਡੇਰੀਵੇਟਿਵਸ (warfarin or coumarin derivaitvs)), ਨੈਕਸੀਅਮ (NEXIUM) ਨਾਲ ਪ੍ਰਤੀਕਿਰਿਆ ਹੋਣ ਬਾਰੇ ਰਿਪੋਰਟਾਂ ਮਿਲੀਆਂ ਹਨ। ਜੇ ਤੁਸੀਂ ਇਨ੍ਹਾਂ ਦਵਾਈਆਂ ਵਿੱਚੋਂ ਕੋਈ ਲੈ ਰਹੇ ਹੋ ਤਾਂ ਆਪਣੇ ਡਾਕਟਰ ਜਾਂ ਫਾਰਮੇਸਿਸਟ ਵਾਲ ਗੱਲ ਕਰੋ।

ਨੈਕਸੀਅਮ (NEXIUM), ਐੱਚ.ਆਈ.ਵੀ. (HIV) ਦੇ ਇਲਾਜ ਲਈ ਵਰਤੀਆਂ ਜਾਂਦੀਆਂ ਕੁੱਝ ਦਵਾਈਆਂ ਦੀ ਪ੍ਰਭਾਵਸ਼ੀਲਤਾ ਨੂੰ ਘੱਟ ਕਰ ਸਕਦੀ ਹੈ; ਐਟਾਜ਼ਨਾਵੀਰ (atazanavir) ਅਤੇ ਨੈਲਫੀਨਾਵੀਰ (nelfinavir) ਦੀ ਵਰਤੋਂ ਨੈਕਸੀਅਮ (NEXIUM) ਨਾਲ ਨਹੀਂ ਕਰਨੀ ਚਾਹੀਦੀ।

ਜ਼੍ਦੋਂ ਲੋੜ ਹੋਵੇ ਨੈਕਸੀਅਮ (NEXIUM) ਦੀ ਸੰਯੋਗੀ ਖ਼ੁਰਾਕ ਦੌਰਾਨ, ਦਵਾਈ ਦੇ ਪਰਸਪਰ ਪ੍ਰਭਾਵਾਂ ਦੇ ਪ੍ਰਤਿ ਤੁਹਾਡੀ ਪ੍ਰਤਿਕਿਰਿਆ, ਪੂਰੇ ਸ਼ੁਰੂਆਤੀ ਇਲਾਜ ਦੀ ਅਵਧੀ ਦੌਰਾਨ ਰੋਜਾਨਾ ਖ਼ੁਰਾਕ ਦੀ ਤੁਲਨਾ ਵਿੱਚ ਸ਼ਾਇਦ ਬਦਲ ਸਕਦੀ ਹੈ।

ਜੇ ਤੁਸੀਂ ਕੋਈ ਹੋਰ ਦਵਾਈਆਂ ਲੈ ਰਹੇ ਹੋ ਜਾਂ ਹਾਲ ਵਿੱਚ ਹੀ ਲਈਆਂ ਹਨ ਤਾਂ ਕਿਰਪਾ ਕਰਕੇ ਆਪਣੇ ਡਾਕਟਰ ਜਾਂ ਫਾਰਮੇਸਿਸਟ ਨੂੰ ਸੂਚਿਤ ਕਰੋ।

* ਕੈਨੇਡਾ ਵਿੱਚ ਵੇਚੀ ਨਹੀਂ ਜਾਂਦੀ

## ਨੈਕਸੀਅਮ (NEXIUM) ਦਾ ਸਹੀ ਇਸਤੇਮਾਲ

**ਦਵਾਈ ਲੈਣੀ:**
ਨੈਕਸੀਅਮ (NEXIUM) ਖਾਣੇ ਨਾਲ ਜਾਂ ਖਾਲੀ ਪੇਟ ਲਈ ਜਾ ਸਕਦੀ ਹੈ।

*ਗੋਲੀ :*
ਪੂਰੀ ਗੋਲੀ ਨੂੰ ਪਾਣੀ ਨਾਲ ਨਿਗਲਿਆ ਜਾ ਸਕਦਾ ਹੈ। ਇਸ ਨੂੰ ਪਾਣੀ ਦੇ ਅੱਧੇ ਗਲਾਸ ਵਿੱਚ ਵੀ ਪਾਇਆ ਜਾ ਸਕਦਾ ਹੈ ਜਿਥੇ ਇਹ ਘੁਲ ਜਾਏਗੀ, ਇਹ ਇਸ ਨੂੰ ਨਿਗਲਨਾ ਅਸਾਨ ਬਣਾ ਦੇਵੇਗਾ। ਪੱਕਾ ਕਰੋ ਕਿ ਤੁਸੀਂ ਗੋਲੀ ਵਿੱਚੋਂ ਨਿਕਲਣ ਵਾਲੇ ਸਾਰੇ ਛੋਟੇ ਛੱਰਿਆਂ (pellets) ਨੂੰ ਬਿਨਾਂ ਚਬਾਏ ਹੋਏ ਨਿਗਲ ਜਾਂਦੇ ਹੋ। ਪੀਣ ਤੋਂ ਪਹਿਲਾਂ ਛੋਟੇ ਛੱਰਿਆਂ ਨੂੰ 30 ਮਿੰਟ ਤੋਂ ਵੱਧ ਪਾਣੀ ਵਿੱਚ ਪਏ ਨਾ ਰਹਿਣ ਦਿਓ। ਪੀਣ ਤੋਂ ਬਾਦ ਗਲਾਸ ਨੂੰ ਪਾਣੀ ਨਾਲ ਹੰਘਾਲੋ (rinse) ਅਤੇ ਇਸ ਨੂੰ ਵੀ ਪੀ ਜਾਓ।

*ਮੂੰਹ ਨਾਲ ਖਾਣ ਲਈ ਦਾਣੇ :*
ਹਰ ਇੱਕ ਪੈਕਟ ਨੂੰ ਐਸੇ ਬਰਤਨ ਵਿਚ ਖਾਲੀ ਕਰੋ ਜਿਸ ਵਿਚ ਇੱਕ ਚਮਚਾ (੧੫ ਮਿ.ਲੀ.) ਪਾਣੀ ਹੋਵੇ। ਮਿਲਾਉ। ਕੁਝ ਮਿੰਟਾਂ ਲਈ ਛੱਡ ਦਿਉ। ਮਿਸ਼ਰਣ ਗਾੜਾ ਪੀਲਾ ਦਿਸੇਗਾ ਜਿਸ ਵਿਚ ਸਫ਼ੈਦ ਅਤੇ/ਜਾਂ ਭੂਰੇ ਰੰਗ ਦੇ ਦਾਣੇ ਦਿਸਣਗੇ। ਫਿਰ ਤੋਂ ਮਿਲਾਉ ਅਤੇ ੩੦ ਮਿੰਟਾਂ ਦੇ ਅੰਦਰ ਪੀ ਜਾਓ। ਜੋ ਪੀਣ ਦੇ ਬਾਅਦ ਵੀ ਕੁੱਝ ਬਾਕੀ ਬਚਦਾ ਹੈ ਤਾਂ ਪਾਣੀ ਪਾਓ, ਮਿਲਾਉ ਅਤੇ ਫ਼ੌਰਨ ਪੀ ਜਾਓ।

**ਆਮ ਖ਼ੁਰਾਕ:**
*ਸਿਆਣੇ*
ਆਪਣੇ ਡਾਕਟਰ ਦੇ ਨਿਰਦੇਸ਼ਾਂ ਅਨੁਸਾਰ ਨੈਕਸੀਅਮ (NEXIUM) ਦੀਆਂ ਸਾਰੀਆਂ ਖ਼ੁਰਾਕਾਂ ਲਓ। ਇਸੇ ਤਰਾਂ ਹੀ ਕਰੋ ਜਦੋਂ ਤੁਸੀਂ ਠੀਕ ਹੋਏ ਮਹਿਸੂਸ ਕਰਦੇ ਹੋ। ਕੁਝ ਕੇਸਾਂ ਵਿੱਚ ਤੁਹਾਡੇ ਦਰਦ ਅਤੇ ਲੱਛਣਾਂ ਨੂੰ ਕਾਬੂ ਵਿੱਚ ਰੱਖਣ ਵਾਸਤੇ ਅਤੇ ਖ਼ਰਾਬ ਹੋਏ ਖੇਤਰਾਂ ਨੂੰ ਠੀਕ ਹੋਣ ਵਿੱਚ ਸਹਾਇਤਾ ਕਰਨ ਵਾਸਤੇ ਰੋਜ਼ਾਨਾ ਖ਼ੁਰਾਕਾਂ ਦੀ ਲੋੜ ਹੁੰਦੀ ਹੈ। ਗੰਭੀਰ ਬਿਮਾਰੀ ਦੇ ਇਲਾਜ ਵਾਸਤੇ ਸੁਝਾਈ ਗਈ ਖ਼ੁਰਾਕ 2 ਤੋਂ 8 ਹਫਤਿਆਂ ਵਾਸਤੇ ਦਿਨ ਵਿੱਚ ਇੱਕ ਵਾਰੀ 20 ਤੋਂ 40 ਮਿਲੀਗਰਾਮ ਹੈ। ਸੰਭਵ ਹੈ ਕਿ ਤੁਹਾਡਾ ਡਾਕਟਰ ਇਹ ਸੁਝਾਵ ਦੇਵੇ ਕਿ ਤੁਸੀਂ ਹਰ ਦਿਨ ਨੈਕਸੀਅਮ (NEXIUM) 20 ਮਿਲੀਗਰਾਮ ਲੈਣਾ ਜਾਰੀ ਰੱਖੋ। ਇਹ ਤੁਹਾਡੇ ਲੱਛਣਾਂ ਨੂੰ ਮੁੜ ਕੇ ਵਾਪਸ ਆਉਣ ਤੋਂ ਰੋਕਣ ਵਾਸਤੇ ਹੈ।

ਆਪਣੇ ਡਾਕਟਰ ਦੁਆਰਾ ਦਿੱਤੇ ਗਏ ਨਿਰਦੇਸ਼ਾਂ ਦਾ ਪਾਲਣ ਕਰੋ। ਹੋ ਸਕਦਾ ਹੈ ਕਿ ਉਹ ਇਸ ਪੈਂਫਲੇਟ ਵਿੱਚ ਦਿੱਤੀ ਗਈ ਜਾਣਕਾਰੀ ਨਾਲੋਂ ਵੱਖਰੇ ਹੋਣ।

ਨੈਕਸੀਅਮ (NEXIUM) ਨੂੰ *ਹੈਲੀਕੋਬੈਕਟਰ ਪਾਇਲੋਰੀ (Helicobacter pylori)* ਦੁਆਰਾ ਉਤਪੰਨ ਕੀਤੇ ਗਏ ਅਲਸਰਾਂ ਦਾ ਇਲਾਜ ਕਰਨ ਵਾਸਤੇ ਇੱਕ ਹਫਤੇ ਤੱਕ ਰੋਗਾਣੂਨਾਸ਼ਕ ਦਵਾਈਆਂ ਦੇ ਨਾਲ ਵਰਤਿਆ ਜਾ ਸਕਦਾ ਹੈ। ਇਹ ਇੰਨ੍ਹਾਂ ਅਲਸਰਾਂ ਦੇ ਵਾਪਸ ਆਉਣ ਦੇ ਖਤਰੇ ਨੂੰ ਘਟਾਉਣ ਵਿੱਚ ਵੀ ਮਦਦ ਕਰਦਾ ਹੈ। ਸੰਭਵ ਹੈ ਤੁਹਾਡੀ ਪਰਚੀ ਤੇ ਨੈਕਸੀਅਮ (NEXIUM) 1-2-3® ਲਿਖਿਆ ਹੈ । ਇਹ ਫਾਰਮੇਸਿਸਟ ਨੂੰ ਤੁਹਾਨੂੰ ਤਿੰਨ ਵੱਖ ਵੱਖ ਦਵਾਈਆਂ ਦੇਣ ਲਈ ਦਸਦੀ ਹੈ (ਨੈਕਸੀਅਮ ਅਤੇ ਦੋ ਰੋਗਾਣੂਨਾਸ਼ਕ ਦਵਾਈਆਂ)। ਫ਼ਾਰਮੇਸਿਸਟ ਨੂੰ ਤੁਹਾਨੂੰ ਨੈਕਸੀਅਮ (NEXIUM) ਦੇ ਨਾਲ ਮਿਲਾ ਕੇ ਵਰਤੀਆਂ ਜਾਣ ਵਾਲੀਆਂ ਦੋਵੇਂ ਰੋਗਾਣੂਨਾਸ਼ਕ ਦਵਾਈਆਂ ਬਾਰੇ ਵੀ ਜਾਣਕਾਰੀ ਦੇਣੀ ਚਾਹੀਦੀ ਹੈ।

ਜੇ ਤੁਹਾਨੂੰ ਨੈਕਸੀਅਮ (NEXIUM) ਦੇ ਨਾਲ ਰੋਗਾਣੂਨਾਸ਼ਕ ਦਵਾਈਆਂ ਮਿਲਦੀਆਂ ਹਨ, ਤਾਂ ਤਿੰਨੋਂ ਦਵਾਈਆਂ ਹਰ ਰੋਜ਼ ਦੋ ਵਾਰੀ ਲਓ। ਅਜਿਹਾ ਇੱਕ ਹਫਤੇ ਵਾਸਤੇ ਹਰ ਰੋਜ਼ ਠੀਕ ਸਮੇਂ ਉੱਤੇ ਕਰੋ। ਇਹ ਪੱਕਾ ਕਰੇਗਾ ਕਿ ਉਹ ਠੀਕ ਤਰ੍ਹਾਂ ਕੰਮ ਕਰਨ। ਘੋਖਾਂ ਨੇ ਦਿਖਾਇਆ ਹੈ ਕਿ ਨਿਰਦੇਸ਼ਾਂ ਅਨੁਸਾਰ ਆਪਣੀਆਂ ਦਵਾਈਆਂ ਲੈਣ ਵਾਲੇ ਮਰੀਜ਼ਾਂ ਦੀਆਂ ਅਲਸਰ ਠੀਕ ਹੋਣ ਦੀਆਂ ਦਰਾਂ ਅਤੇ ਆਪਣੇ *ਹੈਲੀਕੋਬੈਕਟਰ ਪਾਇਲੋਰੀ (Helicobacter pylori)* ਵਿਗਾੜ ਤੋਂ ਛੁਟਕਾਰਾ ਪਾ ਲੈਣ ਦੀ ਕਾਮਯਾਬੀ ਬੇਹਤਰ ਹੈ।

ਨੈਕਸੀਅਮ (NEXIUM) ਲੈਣਾ ਉਸ ਵੇਲੇ ਤੱਕ ਜਾਰੀ ਰੱਖਣਾ ਜਰੂਰੀ ਹੈ ਜਦੋਂ ਤੱਕ ਕਿ ਤੁਹਾਡਾ ਡਾਕਟਰ ਤੁਹਾਨੂੰ ਦਵਾਈ ਲੈਣ ਤੋਂ ਨਾ ਰੋਕੇ ਭਾਂਵੇਂ ਤੁਸੀਂ ਕੁਝ ਹੀ ਦਿਨਾਂ ਵਿੱਚ ਬੇਹਤਰ ਮਹਿਸੂਸ ਕਰਨ ਲਗੋ। ਪੇਟ ਵਿੱਚ ਤੇਜ਼ਾਬ ਦੀਆਂ ਸਮੱਸਿਆਵਾਂ ਨੂੰ ਠੀਕ ਕਰਨ ਵਿੱਚ ਮਦਦ ਕਰਨ ਵਾਸਤੇ ਨੈਕਸੀਅਮ (NEXIUM) ਨੂੰ ਇਲਾਜ ਦੀ ਪੂਰੀ ਮਿਆਦ ਲਈ ਲਏ ਜਾਣ ਦੀ ਲੋੜ ਹੈ।

<u>ਐਨਈਆਰਡੀ (NERD) ਦਾ ਰੱਖ-ਰਖਾਵ ਇਲਾਜ (ਮੰਗ 'ਤੇ) ਦੀ ਖ਼ਓਰਾਕ</u>
ਐਨਈਆਰਡੀ (NERD) ਦੇ ਸ਼ੁਰੂਆਤੀ ਇਲਾਜ ਤੋਂ ਬਾਅਦ, ਤੁਹਾਡਾ ਡਾਕਟਰ ਸੁਝਾਅ ਦੇ ਸਕਦਾ ਹੈ ਕਿ ਜੇ ਹਾਰਟਬਰਨ (heartburn) ਜਾਂ ਰੀਗਰਜੀਟੇਸ਼ਨ (regurgitation) ਦੇ ਲੱਛਣ ਬਾਰ-ਬਾਰ ਵਾਪਸ ਆਉਂਦੇ ਹਨ ਤਾਂ ਤੁਸੀਂ ਲੋੜ ਦੇ ਅਨੁਸਾਰ, ਹਰ ਰੋਜ਼ ਨੈਕਸੀਅਮ (NEXIUM) 20 ਮਿਲੀਗ੍ਰਾਮ ਲਵੋ। ਜੇ ਤੁਹਾਡੇ ਲੱਛਣ ਉਭਰਦੇ ਹਨ ਤਾਂ ਆਪਣੇ ਡਾਕਟਰ ਨਾਲ ਸੰਪਰਕ ਕਰੋ।

*ਬੱਚੇ (1-17 ਸਾਲ ਦੀ ਉਮਰ ਦੇ)*
ਆਪਣੇ ਡਾਕਟਰ ਦੇ ਨਿਰਦੇਸ਼ਾਂ ਅਨੁਸਾਰ ਨੈਕਸੀਅਮ (NEXIUM) ਦੀਆਂ ਸਾਰੀਆਂ ਖ਼ੁਰਾਕਾਂ ਲਓ। ਇਸੇ ਤਰਾਂ ਹੀ ਕਰੋ ਚਾਹੇ ਤੁਸੀ/ਤੁਹਾਡਾ ਬੱਚਾ ਠੀਕ ਹੋਏ ਮਹਿਸੂਸ ਕਰਦਾ ਹੋਵੇ। ਐਸਿਡ ਦੀ ਤਕਲੀਫ ਦਾ ਇਲਾਜ ਕਰਨ ਲਈ ਨੈਕਸੀਅਮ (NEXIUM) ਦਵਾਈ ਦੀ ਪੂਰੀ ਖ਼ੁਰਾਕ ਪੂਰੇ ਇਲਾਜ ਦੇ ਸਮ੍ਹੇਂ ਤੱਕ ਲੈਣੀ ਚਾਹੀਦੀ ਹੈ।

ਆਪਣੇ ਡਾਕਟਰ ਦੁਆਰਾ ਦਿੱਤੇ ਗਏ ਨਿਰਦੇਸ਼ਾਂ ਦਾ ਪਾਲਣ ਕਰੋ। ਹੋ ਸਕਦਾ ਹੈ ਕਿ ਉਹ ਇਸ ਪੈਂਫਲੇਟ ਵਿੱਚ ਦਿੱਤੀ ਗਈ ਜਾਣਕਾਰੀ ਨਾਲੋਂ ਵੱਖਰੇ ਹੋਣ।

*ਬੱਚੇ (1-11 ਸਾਲ ਦੀ ਉਮਰ ਦੇ)*
ਗੰਭੀਰ ਬਿਮਾਰੀ ਦੇ ਇਲਾਜ ਦੇ ਲਈ ਸੁਝਾਈ ਹੋਈ ਖ਼ੁਰਾਕ 10 ਮਿਲੀਗਰਾਮ ਹੈ (1 ਪੈਕੇਟ) ਜਾਂ 20 ਮਿਲੀਗਰਾਮ (2 ਪੈਕੇਟ) ਦਿਨ ਵਿੱਚ ਇੱਕ ਵਾਰ 8 ਹਫਤਿਆਂ ਲਈ।

*ਬੱਚੇ (12-17 ਸਾਲ ਦੀ ਉਮਰ ਦੇ)*
ਗੰਭੀਰ ਬਿਮਾਰੀ ਦੇ ਇਲਾਜ ਦੇ ਲਈ ਸੁਝਾਈ ਹੋਈ ਖ਼ੁਰਾਕ 20 ਜਾਂ 40 ਮਿਲੀਗਰਾਮ ਹੈ, ਦਿਨ ਵਿੱਚ ਇੱਕ ਵਾਰ 2-8 ਹਫਤਿਆਂ ਲਈ।

**<u>ਸੰਮਤੀ/ਪਾਲਣਾ ਪੈਕ (compliance pack) ਕਿਸ ਤਰ੍ਹਾਂ ਵਰਤਿਆ ਜਾਏ:</u>**
ਤੁਹਾਡੀਆਂ ਗੋਲੀਆਂ ਹਫ਼ਤੇ ਦੇ 14 ਦਿਨਾਂ ਨਾਲ ਲੇਬਲ ਕੀਤੇ ਗਏ ਦਬਾ ਕੇ ਕੱਢਣ ਵਾਲੇ ਬਲਿਸਟਰ ਪੈਕ ਵਿੱਚ ਆਉਂਦੀਆਂ ਹਨ। ਜਿਸ ਦਿਨ ਤੁਸੀਂ ਪੈਕਟ ਸ਼ੁਰੂ ਕਰਦੇ ਹੋ ਉਸੀ ਦਿਨ ਨਾਲ ਮੇਲ ਖਾਂਦੇ ਹੋਏ ਦਿਨ ਵਾਲੀ ਗੋਲੀ ਲੈਕੇ ਸ਼ੁਰੂਆਤ ਕਰੋ।ਫਿਰ ਆਉਣ ਵਾਲੇ ਹਰ ਦਿਨ ਨੂੰ ਇੱਕ ਗੋਲੀ ਲਓ ਜਦੋਂ ਤੱਕ ਤੁਸੀਂ ਪੈਕਟ ਪੂਰਾ ਨਹੀਂ ਕਰ ਲੈਂਦੇ।

*ਹੈਲੀਕੋਬੈਕਟਰ ਪਾਇਲੋਰੀ (Helicobacter pylori)* ਦੁਆਰਾ ਉਤਪੰਨ ਕੀਤੇ ਹੋਏ ਅਲਸਰਾਂ ਦਾ ਇਲਾਜ ਕਰਨ ਵਾਸਤੇ ਦੋਵਾਂ ਉਠਾ ਵਾਲੇ (blister) ਪੈਕਟਾਂ ਵਿੱਚੋਂ 20 ਮਿਲੀਗਰਾਮ ਦੀ ਇੱਕ ਇੱਕ ਗੋਲੀ ਲਓ (ਹਰ ਰੋਜ਼ 2 ਗੋਲੀਆਂ) ਜੋ ਉਸ ਦਿਨ ਨਾਲ ਮੇਲ ਖਾਂਦੀਆਂ ਹੋਣ ਜਿਸ ਦਿਨ ਤੁਸੀਂ ਪੈਕਟ ਸ਼ੁਰੂ ਕਰਦੇ ਹੋ।

## ਦਵਾਈ ਦੀ ਲੋੜ ਤੋਂ ਵੱਧ ਖ਼ੁਰਾਕ:

ਦਵਾਈ ਦੀ ਮਾਤਰਾ ਜ਼ਿਆਦਾ ਹੋ ਜਾਣ 'ਤੇ, ਸਿਹਤ ਸੇਵਾ ਕਰਮਚਾਰੀ ਨਾਲ, ਹਸਪਤਾਲ ਦੇ ਐਮਰਜੈਂਸੀ ਵਿਭਾਗ ਜਾਂ ਖੇਤਰੀ ਜ਼ਹਿਰ ਕਾਬੂ ਕੇਂਦਰ ਨਾਲ ਉਸੇ ਵਕਤ ਸੰਪਰਕ ਕਰੋ, ਜੇ ਕੋਈ ਲੱਛਣ ਨਾ ਹੋਣ ਤਾਂ ਵੀ।

## ਭੁੱਲੀ ਗਈ ਖ਼ੁਰਾਕ:

ਜੇ ਤੁਸੀਂ/ਤੁਹਾਡਾ ਬੱਚਾ ਨੈਕਸੀਅਮ (NEXIUM) ਦੀ ਇੱਕ ਖ਼ਰਾਕ ਭੁੱਲ ਜਾਂਦੇ ਹੋ, ਅਤੇ 12 ਘੰਟਿਆਂ ਅੰਦਰ ਹੀ ਯਾਦ ਆ ਜਾਂਦਾ ਹੈ ਤਾਂ ਜਿੰਨੀ ਜਲਦੀ ਹੋ ਸਕੇ ਗੋਲੀ ਲੈ ਲਓ। ਫਿਰ ਵਾਪਸ ਆਪਣੇ ਨੇਮਕ ਕਾਰਜਕ੍ਰਮ ਤੇ ਚਲੇ ਜਾਓ। ਜੇ 12 ਘੰਟਿਆਂ ਤੋਂ ਵੱਧ ਬੀਤ ਗਏ ਹਨ ਤਾਂ ਭੁੱਲੀ ਹੋਈ ਗੋਲੀ ਨਾ ਲਓ। ਦੁਗਣੀ ਖੁਰਾਕ ਨਾ ਲਓ। ਸਿਰਫ ਆਪਣੀ ਅਗਲੀ ਖੁਰਾਕ ਸਮੇਂ ਸਿਰ ਲੈ ਲਓ।

## ਨੈਕਸੀਅਮ (NEXIUM) ਦੇ ਬੁਰੇ ਪਰਭਾਵ ਅਤੇ ਉਨ੍ਹਾਂ ਬਾਰੇ ਕੀ ਕੀਤਾ ਜਾਏ

ਕਿਸੇ ਵੀ ਦਵਾਈ ਦੀ ਤਰ੍ਹਾਂ ਸੰਭਵ ਹੈ ਕਿ ਨੈਕਸੀਅਮ (NEXIUM), ਕੁਝ ਲੋਕਾਂ ਵਿੱਚ ਬੁਰੇ ਪਰਭਾਵ ਉਤਪੱਨ ਕਰ ਸਕਦੀ ਹੈ। ਬੁਰੇ ਪਰਭਾਵ ਜੋ ਵਾਪਰਦੇ ਹਨ ਆਮ ਤੌਰ ਤੇ ਹਲਕੇ ਜਿਹੇ ਹੁੰਦੇ ਹਨ। ਇਹ ਆਮ ਤੌਰ ਤੇ ਉਹ ਨੈਕਸੀਅਮ (NEXIUM) ਲੈਣਾ ਸ਼ੁਰੂ ਕਰਨ ਪਿੱਛੋਂ ਥੋੜੇ ਜਿਹੇ ਸਮੇਂ ਵਿੱਚ ਖਤਮ ਹੋ ਜਾਂਦੇ ਹਨ। ਸੰਭਵ ਹੈ ਕਿ ਤੁਹਾਡੇ ਕੋਰਸ ਵਿੱਚ ਇਹ ਬੁਰੇ ਪਰਭਾਵ ਨੈਕਸੀਅਮ (NEXIUM) ਕਰਕੇ ਨਾ ਹੋਣ ਪਰ ਕੇਵਲ ਇੱਕ ਡਾਕਟਰ ਹੀ ਇਸਦਾ ਮੁਲਾਂਕਣ ਕਰ ਸਕਦਾ ਹੈ। ਜੇ ਤੁਹਾਨੂੰ ਇਹ ਬੁਰੇ ਪਰਭਾਵ ਜਿਆਦਾ ਪਰੇਸ਼ਾਨ ਕਰਦੇ ਹਨ (ਜਾਂ 1-2 ਦਿਨਾਂ ਤੋ ਵੱਧ ਚਲਦੇ ਹਨ) ਤਾਂ ਆਪਣੇ ਡਾਕਟਰ ਨਾਲ ਵਿਚਾਰ-ਵਟਾਂਦਰਾ ਕਰੋ:

ਆਮ ਤੌਰ ਤੇ: ਮਤਲੀ, ਪੇਟ ਵਿੱਚ ਗੜਬੜੀ, ਪੇਚਸ਼, ਸਿਰ-ਪੀੜ

ਅਸਧਾਰਨ : ਮੂੰਹ ਸੁੱਕਣਾ, ਚੱਕਰ ਆਉਣੇ, ਨੀਂਦ ਨਾ ਆਉਣੀ , ਜੱਲਣ/ਸੂਈਆਂ ਚੁੱਭਣ/ਸੁੰਨ ਹੋਣ ਦਾ ਅਨੁਭਵ, ਲੱਤਾਂ ਬਾਹਵਾਂ ਦੀ ਸੋਜਿਸ਼, ਮਹਿਸੂਸ ਕਰਨਾ ਕਿ ਨੀਂਦ ਆ ਰਹੀ ਹੈ, ਚੱਕਰ ਆਉਣੇ

ਵਿਰਲੇ : ਮੂੰਹ ਦੇ ਸਵਾਦ ਦਾ ਖਰਾਬ ਹੋਣਾ, ਘਬਰਾਹਟ, ਵਾਲਾਂ ਦਾ ਗਿਰਨਾ/ਘੱਟ ਹੋ ਜਾਣਾ, ਜਿਆਦਾ ਪਸੀਨਾ ਆਉਣਾ

**ਐਂਟੀਬਾਇਓਟਿਕਸ ਦੇ ਨਾਲ ਜੋੜਕੇ ਇਲਾਜ:**

ਜੇ ਤੁਸੀਂ ਅਜਿਹੇ ਲੱਛਣ ਮਹਿਸੂਸ ਕਰਦੇ ਹੋ ਜਿਵੇਂ ਕਿ ਗੰਭੀਰ (ਖ਼ੂਨੀ ਜਾਂ ਬਾਰ-ਬਾਰ ਪਤਲੇ) ਦਸਤ, ਬੁਖਾਰ ਦੇ ਨਾਲ ਜਾਂ ਉਸ ਤੋਂ ਬਿਨਾ, ਪੇਟ-ਦਰਦ ਜਾਂ ਤਕਲੀਫ਼, ਤਾਂ ਤੁਹਾਨੂੰ ਪਖਾਨੇ ਵਿੱਚ ਸੋਜ ਹੋ ਸਕਦੀ ਹੈ ਜਿਹੜੀ ਕੀ ਬੈਕਟੀਰਿਅਲ ਇਨਫ਼ੈਕਸ਼ਨ ਨਾਲ ਹੁੰਦੀ ਹੈ (ਕਲੌਸਟਰੀਡਿਅਮ ਡਿਫ਼ਿਸਿਲ)। ਜੇ ਅਜਿਹਾ ਹੁੰਦਾ ਹੈ ਤਾਂ ਆਪਣੇ ਡਾਕਟਰ ਜਾਂ ਫ਼ਾਰਮਾਸਿਸਟ ਨੂੰ ਉਸੇ ਵਕਤ ਫ਼ੋਨ ਕਰੋ ਅਤੇ ਦਵਾਈਆਂ ਦਾ ਮਿਸ਼ਰਣ ਲੈਣਾ ਬੰਦ ਕਰੋ।

ਨੈਕਸੀਅਮ (NEXIUM) ਦੀ ਵਰਤੋਂ ਕਰਦੇ ਸਮੇਂ ਜੇ ਤੁਸੀ ਕੋਈ ਵੀ ਪਰੇਸ਼ਾਨ ਕਰਨ ਵਾਲੇ ਜਾਂ ਅਸਧਾਰਨ ਪਰਭਾਵ ਅਨੁਭਵ ਕਰਦੇ ਹੋ, ਆਪਣੇ ਡਾਕਟਰ ਜਾਂ ਫਾਰਮੇਸਿਸਟ ਨਾਲ ਸਲਾਹ ਮਸ਼ਵਰਾ ਕਰੋ।

## ਨੈਕਸੀਅਮ (NEXIUM) ਦੇ ਬੁਰੇ ਪਰਭਾਵ, ਉਹ ਕਿੰਨੀ ਕੁ ਵਾਰੀ ਵਾਪਰਦੇ ਹਨ ਅਤੇ ਉਨ੍ਹਾਂ ਬਾਰੇ ਕੀ ਕੀਤਾ ਜਾਏ

ਨੈਕਸੀਅਮ (NEXIUM) ਦੇ ਬੁਰੇ ਪਰਭਾਵ, ਉਹ ਕਿੰਨੀ ਕੁ ਵਾਰੀ ਵਾਪਰਦੇ ਹਨ ਅਤੇ ਉਨ੍ਹਾਂ ਬਾਰੇ ਕੀ ਕੀਤਾ ਜਾਏ

| ਲੱਛਣ/ਪਰਭਾਵ | ਹਰ ਹਾਲਤ ਵਿੱਚ ਆਪਣੇ ਡਾਕਟਰ ਜਾਂ ਫਾਰਮੇਸਿਸਟ ਨਾਲ ਗੱਲ ਕਰੋ | ਦਵਾਈ ਲੈਣੀ ਬੰਦ ਕਰ ਦਿਓ ਅਤੇ ਡਾਕਟਰ ਜਾਂ ਫਾਰਮੇਸਿਸਟ ਨੂੰ ਫੋਨ ਕਰੋ |
|---|---|---|
| **ਵਿਰਲੇ** (ਬਾਰਬਾਰਤਾ 10,000 ਮਰੀਜ਼ਾਂ ਵਿੱਚ 1 ਨਾਲੋਂ ਵੱਧ ਜਾਂ ਬਰਾਬਰ ਹੈ ਪਰ 1,000 ਮਰੀਜ਼ਾਂ ਵਿੱਚ 1 ਤੋਂ ਘੱਟ) | | |
| **ਚਮੜੀ ਦੀਆਂ ਪ੍ਰਤਿਰਕਿਰਿਆਵਾਂ** (ਜਿਵੇਂ ਕਿ ਛਪਾਕੀ, ਚਮੜੀ ਦੀ ਸੋਜ, ਖੁਜਲੀ ਅਤੇ/ਜਾਂ ਖਾਜ) | √ | |
| **ਧੁੰਦਲੀ ਨਜ਼ਰ** | √ | √ |
| **ਉਦਾਸੀ ਹੋਣਾ** | √ | |
| **ਬੇਚੈਨੀ** | √ | |
| **ਸਾਹ ਲੇਣ ਵਿੱਚ ਪਰੇਸ਼ਾਨੀ** | √ | |
| **ਮੂੰਹ ਵਿੱਚ ਸੋਜਸ਼** | √ | |
| **ਗੰਭੀਰ ਐਲਰਜਿਕ ਪ੍ਰਿਕਿਰਿਆਵਾਂ** (ਜਿਵੇਂ ਕਿ ਸੋਜ, ਐਨਾਫਲੈਕਟਿਕ ਪ੍ਰਤਿਕਿਰਿਆ/ਸਦਮਾ) | √ | √ |
| **ਪੱਠਿਆਂ ਵਿੱਚ ਦਰਦ** | √ | |
| **ਖ਼ੂਨ ਦੀ ਬਿਮਾਰੀਆਂ** (ਖ਼ੂਨ ਵਿੱਚ ਸੈਲਜ਼ ਦਾ ਘੱਟਣਾ, ਖ਼ੂਨ ਵਿੱਚ ਨੀਵਾਂ ਸੋਡੀਅਮ[8] | √ | |
| **ਜਿਗਰ ਦੀ ਸੋਜਸ਼** (ਚਮੜੀ ਅਤੇ ਅੱਖਾਂ ਪੀਲੀਆਂ ਪਰਤੀਤ ਹੁੰਦੀਆਂ ਹਨ) | √ | √ |
| **ਪਾਚਨ ਨਲੀ ਵਿੱਚ ਫੰਗਲ ਇਨਫ਼ੈਕਸ਼ਨ** | √ | |
| **ਰੌਸ਼ਨੀ ਸੰਵੇਦਨਸ਼ੀਲਤਾ** | √ | |
| **ਜੋੜਾਂ ਵਿੱਚ ਦਰਦ** | √ | |
| **ਬੀਮਾਰ ਮਹਿਸੂਸ ਕਰਨਾ** | √ | |
| **ਬਹੁਤ ਹੀ ਵਿਰਲੇ** (ਬਾਰਬਾਰਤਾ 10,000 ਮਰੀਜ਼ਾਂ ਵਿੱਚ 1 ਕੇਸ ਨਾਲੋਂ ਘੱਟ) | | |
| **ਚਮੜੀ ਦੀਆਂ ਗੰਭੀਰ ਬਿਮਾਰੀਆਂ** (ਛਾਲੇ, ਅਲਸਰ, ਅਤੇ/ਜਾਂ ਜ਼ਖਮ) | √ | √ |
| **ਗੁੱਸਾ ਆਉਣਾ/ਹਮਲਾ** | √ | |
| **ਦ੍ਰਿਸ਼ਟੀ ਬਰਮ ਹੋਣਾ/ਵਹਿਮ** | √ | |
| **ਗੰਬੀਰ ਰੂਪ ਵਿੱਚ ਵਿਗੜਿਆ** | √ | |
| **ਜਿਗਰ ਕਾਰਜ** | √ | |
| **ਘਟੀ ਚੇਤਨਤਾ** | √ | |
| **ਗੁਰਦੇ ਦੀ ਸੋਜਸ਼** | √ | |
| **ਪੱਠਿਆਂ ਵਿੱਚ ਕਮਜੋਰੀ** | √ | |
| **ਮਰਦਾਂ ਵਿੱਚ ਛਾਤੀ ਦਾ ਵਧਣਾ** | | |
| **ਖ਼ੂਨ ਵਿੱਚ ਮੈਗਨੀਸ਼ਿਅਮ ਦੀ ਕਮੀ** | √ | |

[8]ਇਨ੍ਹਾਂ ਬਿਮਾਰਿਆਂ ਦਾ ਪਤਾ, ਸਿਰਫ ਖ਼ੂਨ ਦੀ ਜਾਂਚ ਕਰਨ ਵੇਲੇ ਲਗਦਾ ਹੈ।

## ਨੈਕਸੀਅਮ (NEXIUM) ਨੂੰ ਕਿਸ ਤਰ੍ਹਾਂ ਰੱਖਿਆ ਜਾਏ:

- ਸਾਰੀਆਂ ਗੋਲੀਆਂ ਨੂੰ ਉਸ ਵੇਲੇ ਤੱਕ ਉਠਾ ਵਾਲੀਆਂ ਪੱਟੀਆਂ (blister strips) ਵਿੱਚ ਬੰਦ ਰੱਖੋ ਜਦੋਂ ਤੱਕ ਕਿ ਖ਼ੁਰਾਕ ਦਾ ਸਮ੍ਹਾਂ ਨਹੀਂ ਹੋ ਜਾਂਦਾ। ਜੇ ਤੁਸੀਂ ਅਜਿਹਾ ਨਹੀਂ ਕਰਦੇ ਤਾਂ ਸੰਭਵ ਹੈ ਹਵਾ ਵਿੱਚਲੀ ਨਮੀ ਗੋਲੀਆਂ ਨੂੰ ਖਰਾਬ ਕਰ ਦੇਵੇ।
- ਨੈਕਸੀਅਮ (NEXIUM) ਨੂੰ ਬੱਚਿਆਂ ਦੀ ਪਹੁੰਚ ਤੋਂ ਬਹੁਤ ਦੂਰ ਰੱਖੋ।
- ਸੰਮਤੀ ਪੈਕ (compliance pack) ਨੂੰ ਕਮਰੇ ਦੇ ਤਾਪਮਾਨ (15 ਤੋਂ 30 ਡਿਗਰੀ ਸੈਲਸੀਅਸ) ਉੱਤੇ ਰੱਖੋ।
- ਨੈਕਸੀਅਮ (NEXIUM) ਨੂੰ ਇਸ਼ਨਾਨ ਘਰ ਦੀ ਦਵਾਈਆਂ ਵਾਲੀ ਅਲਮਾਰੀ ਜਾਂ ਹੋਰ ਗਰਮ, ਸਿਲ੍ਹੀਆਂ ਥਾਵਾਂ ਵਿੱਚ ਨਾ ਰੱਖੋ।
- ਨੈਕਸੀਅਮ (NEXIUM) ਨੂੰ ਪੈਕ ਉੱਤੇ ਅੰਕਤ ਖਾਤਮੇ ਦੀ ਮਿਤੀ ਤੋਂ ਬਾਅਦ ਨਾ ਵਰਤੋ।

**ਸ਼ੱਕ ਵਾਲੇ ਬੁਰੇ ਪਰਭਾਵਾਂ ਬਾਰੇ ਰਿਪੋਰਟ ਕਰਨੀ**

ਸਿਹਤ ਉਤਪਾਦਾਂ ਨਾਲ ਸੰਬੰਧਤ ਕੋਈ ਵੀ ਸ਼ੰਕਾ ਵਾਲੇ ਵਿਰੋਧੀ ਅਨੁਕਿਰਿਆ ਦੀ ਰਿਪੋਰਟ ਤੁਸੀਂ ਕੈਨੇਡਾ ਵਿਜਿਲੈਂਸ ਪ੍ਰੋਗਰਾਮ ਨੂੰ ਦੇ ਸਕਦੇ ਹੋ, ਹੇਠਾਂ ਲਿਖਿਆ ਵਿੱਚੋਂ ਕਿਸੇ ਇੱਕ ਤਰੀਕੇ ਦੇ ਨਾਲ:

* ਔਨਲਾਈਨ www.healthcanada.gc/medeffect 'ਤੇ ਸੂਚਿਤ ਕਰੋ
* ਮੁਫਤ ਟੈਲੀਫੋਨ ਰਾਹੀਂ 866-234-2345 'ਤੇ ਸੂਚਿਤ ਕਰੋ
* ਕੈਨੇਡਾ ਵਿਜਿਲੈਂਸ ਰਿਪੋਰਟਿੰਗ ਫ਼ਾਰਮ ਪੂਰਾ ਕਰੋ ਅਤੇ
    - ਮੁਫਤ ਫੈਕਸ ਰਾਹੀਂ 866-678-6789 'ਤੇ ਸੂਚਿਤ ਕਰੋ, ਜਾਂ
    - ਆਮ ਡਾਕ ਰਾਹੀਂ ਮੇਲ ਕਰੋ:

Canada Vigilance Program
Health Canada
Postal Locator 0701D
Ottawa ON K1A 0K9

ਪੋਸਟੇਜ ਕੋਡ ਲੇਬਲਜ਼, ਕੈਨੇਡਾ ਵਿਜਿਲੈਂਸ ਰਿਪੋਰਟਿੰਗ ਫ਼ਾਰਮ ਅਤੇ ਵਿਰੋਧੀ ਅਨੁਕਿਰਿਆ ਰਿਪੋਰਟ ਕਰਨ ਦੀਆਂ ਗਾਇਡਲਾਇਨਜ਼ ਮੈੱਡ-ਇਫ਼ੈਕਟ ਕੈਨੇਡਾ ਦੀ ਵੈੱਬਸਾਇਟ www.healthcanada.gc/medeffect 'ਤੇ ਉਪਲੱਬਧ ਹੈ।

***ਨੋਟ:*** *ਜੇਕਰ ਤਹਾਨੂੰ ਸਾਈਡ ਇਫ਼ੈਕਟਸ ਦਾ ਸਾਹਮਣਾ ਕਰਨ ਦੇ ਬਾਰੇ ਜਾਣਕਾਰੀ ਚਾਹੀਦੀ ਹੈ ਤਾਂ ਕ੍ਰਿਪਾ ਕਰਕੇ ਕੈਨੇਡਾ ਵਿਜਿਲੈਂਸ ਨੂੰ ਸੂਚਨਾ ਦੇਣ ਤੋਂ ਪਹਿਲਾਂ ਆਪਣੇ ਪੇਸ਼ੇਵਰ ਸਿਹਤ ਵਿਅਕਤੀ ਨਾਲ ਸੰਪਰਕ ਕਰੋ। ਕੈਨੇਡਾ ਵਿਜਿਲੈਂਸ ਪ੍ਰੋਗਰਾਮ ਮੈਡਕਿਲ ਸਲਾਹ ਨਹੀਂ ਦਿੰਦਾ ਹੈ।*

## ਨੈਕਸੀਅਮ (NEXIUM) ਬਾਰੇ ਹੋਰ ਜਾਣਕਾਰੀ

**ਨੋਟ : ਇਹ ਉਪਭੋਗਤਾ ਜਾਣਕਾਰੀ ਲੀਫਲੈੱਟ/ਪਰਚਾ ਇਸ ਨੂੰ ਛਾਪਣ ਵੇਲੇ ਦੀ ਤੁਹਾਨੂੰ ਬਿਲਕੁਲ ਨਵੀਂ ਜਾਣਕਾਰੀ ਦਿੰਦਾ ਹੈ ਅਤੇ ਇਹ ਚੀਨੀ ਅਤੇ ਪੰਜਾਬੀ ਭਾਸ਼ਾਂਵਾਂ ਵਿੱਚ ਵੀ ਪ੍ਰਾਪਤ ਹੈ।**

**ਸਭ ਤੋਂ ਵਰਤਮਾਨ ਜਾਣਕਾਰੀ, ਉਪਭੋਗਤਾ ਜਾਣਕਾਰੀ ਲੀਫਲੈੱਟ/ਪਰਚਾ ਅਤੇ ਲਈ ਪੂਰਾ ਪਰੋਡਕਟ ਮੋਨੋਗਰਾਫ ਬਾਰੇ ਜਾਣਕਾਰੀ ਵੈਬਸਾਇਟ ਉੱਤੇ ਦਿੱਤੀ ਗਈ ਹੈ ਕਿਰਪਾ ਕਰਕੇ**
**www.astrazeneca.ca ਉੱਤੇ "Patients with Prescriptions" ਵਾਲੇ ਸਿਰਲੇਖ ਹੇਠ ਦੇਖੋ,**
**ਜਾਂ ਸਪੋਂਸਰ ਕੰਪਨੀ ਐਸਟਰਾਜੈਨੇਕਾ ਕੈਨੇਡਾ ਇੰਕ (AstraZeneca Canada Inc.) ਨੂੰ ਸੰਪਰਕ ਕਰੋ।**

**ਗਾਹਕ ਪੁੱਛ ਗਿੱਛ : 1 (800) 668-6000 ਤੇ ਫੋਨ ਕਰੋ,**
**ਜਾਣਕਾਰੀ : 1 (800) 461-3787 ਤੇ ਫੋਨ ਕਰੋ।**

ਇਹ ਪੈਂਫਲੇਟ ਐਸਟਰਾਜੈਨੇਕਾ ਕੈਨੇਡਾ ਇੰਕ, ਮਿਸੀਸਾਗਾ (AstraZeneca Canada Inc., Mississauga, Ontario L4Y 1M4) ਦੁਆਰਾ ਤਿਆਰ ਕੀਤਾ ਗਿਆ ਸੀ।

ਤੇਜ਼ਾਬ/ਐਸਿਡ-ਸੰਬੰਧਿਤ ਬਿਮਾਰੀਆਂ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਸਪੋਂਸਰ ਕੰਪਨੀ ਐਸਟਰਾਜੈਨੇਕਾ ਕੈਨੇਡਾ ਇੰਕ (AstraZeneca Canada Inc.) ਨੂੰ ਫੋਨ ਕਰੋ।

ਨੈਕਸੀਅਮ (NEXIUM®), ਨੈਕਸੀਅਮ 1-2-3A® (NEXIUM 1-2-3A®), ਅਤੇ ਐਸਟਰਾਜੈਨੇਕਾ ਲੋਗੋ (AstraZeneca logo), ਐਸਟਰਾਜੈਨੇਕਾ ਗਰੁਪ (AstraZeneca Group) ਆਫ ਕੰਪਨੀਜ਼ ਦੇ ਰਜਿਸਟਰਡ ਵਪਾਰ ਮਾਰਕੇ/ ਟਰੇਡਮਾਰਕ ਹਨ।

ਟਰੇਡਮਾਰਕ ਐਸਪਰਿਨ (ASPIRIN®) ਦੀ ਮਲਕੀਅਤ ਅਤੇ ਲਾਇਸੈਂਸ ਦੇ ਹੱਕ ਬੇਅਰ ਏਜੀ (Bayer AG) ਲੇਵੇਰਕੁਸੇਨ, ਜਰਮਨੀ ਦੇ ਹਨ।

© AstraZeneca 2007

**ਆਖਰੀ ਸੰਸ਼ੋਧਨ: ਅਕਤੂਬਰ ੨੦, ੨੦੧੦**